بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.12.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਦਸੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔
اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਭਾਈਬੰਦੀ ਬਾਰੇ ਰਿਵਾਇਤ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਦੋ ਵਾਰ ਆਪਣਾ ਭਰਾ ਆਖਿਆ । ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਮੁਹਾਰਾਂ ਵਿੱਚ ਮੱਕੇ ਵਿੱਚ ਭਾਈਬੰਦੀ ਕਰਾਈ ਫਿਰ ਆਪ ਨੇ ਮੁਹਾਜਰਾਂ ਤੇ ਅੰਸਾਰਾਂ ਵਿੱਚ ਮਦੀਨੇ ਵਿੱਚ ਹਿਜਰਤ ਦੇ ਬਾਦ ਭਾਈਬੰਦੀ ਕਰਾਈ । ਦੋਵੇਂ ਵਾਰੀ ਅਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਕਿਹਾ ਤੁਸੀਂ ਦੁਨੀਆ ਤੇ ਆਖ਼ਰਤ ਵਿੱਚ ਮੇਰੇ ਭਰਾ ਹੋ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਦਰ ਦੀ ਜੰਗ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ਸਿਵਾਏ ਤਬੂਕ ਦੀ ਜੰਗ ਦੇ । ਤਬੂਕ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਨੂੰ ਪਰਿਵਾਰ ਦੀ ਨਿਗਰਾਨੀ ਲਈ ਨਿਯੁਕਤ ਕੀਤਾ ਸੀ ।

ਹਜ਼ਰਤ ਸਾਲਬਾ ਬਿਨ ਅਬੂ ਮਾਲਕ ਬਿਆਨ ਕਰਦੇ ਹਨ ਕਿ ਹਜ਼ਰਤ ਸਾਅਦ ਬਿਨ ਅਬਾਦਹ ਹਰ ਮੌਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਵੱਲੋਂ ਅਲਮਬਰਦਾਰ ਹੁੰਦੇ ਸਨ ਪਰ ਜੱਦ ਲੜਾਈ ਦਾ ਸਮਾਂ ਆਉਂਦਾ ਤਾਂ ਹਜ਼ਰਤ ਅਲੀ ਬਿਨ ਅਬੂ ਤਾਲਿਬ ਝੰਡਾ ਲੈ ਲੈਂਦੇ ।

ਉਸ਼ੈਰਾਹ ਦੀ ਜੰਗ ਜਮਾਦੀਉਲ ਅਵੱਲ ਦੋ ਹਿਜਰੀ ਵਿੱਚ ਹੋਈ ਸੀ । ਹਜ਼ਰਤ ਅਮਾਰ ਬਿਨ ਯਾਸਿਰ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਉਸ਼ੈਰਾਹ ਦੀ ਜੰਗ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਮੈਂ ਸਫ਼ਰ ਦੇ ਸਾਥੀ ਸੀ । ਇਸ ਦਿਨ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਦੇ ਸ਼ਰੀਰ ਉਪੱਰ ਮਿੱਟੀ ਦੇਖਕੇ ਫ਼ਰਮਾਇਆ, ਹੇ, ਅਬੂ ਤੁਰਾਬ, ਫਿਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕੀ ਮੈਂ ਤੁਹਾਨੂੰ ਦੋ ਅਤਿਅੰਤ ਬਦਬਖ਼ਤ (ਭੈੜੇ) ਵਿਅਕਤੀਆਂ

ਬਾਰੇ ਨ ਦਸੱਾਂ, ਆਪ ਨੇ ਕਿਹਾ ਹਾਂ ਹੇ ਰਸੂਲੁਲੱਾਹ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਪਹਿਲਾ ਵਿਅਕਤੀ ਸਮੂਦ ਕੌਮ ਦਾ ਓਹਿਮਰ ਸੀ ਜਿਸਨੇ ਸਾਲਿਹ ਅਲੈਹਿ ਸਲਾਮ ਦੀ ਊਠਣੀ ਦੀਆਂ ਲਤੱਾਂ ਵੱਢ ਦਿੱਤੀਆਂ ਸਨ ਅਤੇ ਦੂਜਾ ਵਿਅਕਤੀ ਉਹ ਹੈ, ਜੋ ਹੇ, ਅਲੀ, ਜੋ ਤੁਹਾਡੇ'ਤੇ ਵਾਰ ਕਰੇਗਾ ਇੱਥੋਂ ਤੱਕ ਕਿ ਖ਼ੂਨ ਨਾਲ ਦਾੜ੍ਹੀ ਭਿੱਜ ਜਾਵੇਗੀ ।

ਬਦਰ ਦੀ ਜੰਗ ਦੋ ਹਿਜਰੀ ਅਨੁਸਾਰ 623 ਈ. ਵਿੱਚ ਹੋਈ ਸੀ । ਬਦਰ ਦੀ ਜੰਗ ਸਮੇਂ ਜੱਦ ਦੋਵੇਂ ਲਸ਼ਕਰ ਆਹਮਣੇ ਸਾਹਮਣੇ ਸਨ ਤਾਂ ਸਾਰਿਆਂ ਤੋਂ ਪਹਿਲਾਂ ਰਬੀਆ ਦੇ ਦੋਵੇਂ ਪੁਤੱਰਾਂ ਸ਼ੈਬਾ ਅਤਬਾ ਅਤੇ ਵਲੀਦ ਬਿਨ ਅਤਬਾ ਨਿਕਲੇ ਅਤੇ ਮੁਕਾਬਲੇ ਲਈ ਸਦੱਾ ਦਿਤੱਾ ਤਾਂ ਕਬੀਲਾ ਬਨੂ ਹਾਰਸ ਦੇ ਤਿੰਨ ਅੰਸਾਰੀ ਮਆਜ਼, ਮਊਜ਼ ਅਤੇ ਔਫ਼ ਜੋ ਅਫ਼ਰਾਅ ਦੇ ਪੁਤੱਰ ਸਨ ਮੁਕਾਬਲੇ ਲਈ ਨਿਕਲੇ, ਪਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਨੂੰ ਵਾਪਸ ਬੁਲਾ ਲਿਆ ਅਤੇ ਫ਼ਰਮਾਇਆ ਹੇ ਬਨੂ ਹਾਸ਼ਮ ਉੱਠੋ ਆਪਣੇ ਹੱਕ ਲਈ ਲੜੋ ਜਿਸ ਦੇ ਨਾਲ ਰੱਬ ਨੇ ਤੁਹਾਡੇ ਨਬੀ ਨੂੰ ਪ੍ਰਕਟ ਕੀਤਾ ਹੈ । ਸੋ, ਹਜ਼ਰਤ ਹਮਜ਼ਾਹ ਰਜ਼ੀ ਅਲੱਾਹ ਅਨਹੁ, ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਬੈਦਹ ਰਜ਼ੀ ਅਲੱਾਹ ਅਨਹੁ ਖੜੇ ਹੋਏ ਅਤੇ ਉਹਨਾਂ ਵੱਲ ਵਧੇ ਤਾਂ ਅਤਬਾ ਨੇ ਆਪਣੇ ਪੁਤੱਰ ਨੂੰ ਕਿਹਾ ਕਿ ਹੇ ਵਲੀਦ ਉੱਠੋ । ਸੋ, ਹਜ਼ਰਤ ਅਲੀ ਇਸ ਮੁਕਾਬਲੇ ਲਈ ਗਏ ਅਤੇ ਇਹਨਾ ਦੋਹਾਂ ਵਿੱਚ ਤਲਵਾਰਾਂ ਚਲਣ ਲੱਗੀਆਂ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਉਸਨੂੰ ਕਤਲ ਕਰ ਦਿਤੱਾ ਫਿਰਅਤਬਾ ਖੜਾ ਹੋਇਆ ਹਜ਼ਰਤ ਹਮਜ਼ਾ ਰਜ਼ੀ ਅਲੱਾਹ ਅਨਹੁ ਨੇ ਇਸ ਨੂੰ ਕਤਲ ਕਰ ਦਿਤੱਾ ਫਿਰ ਸ਼ੈਬਾ ਖੜਾ ਹੋਇਆ ਅਤੇ ਉਸ ਦੇ ਮੁਕਾਬਲੇ'ਤੇ ਉਬੈਦਹ ਰਜ਼ੀ ਅਲੱਾਹ ਅਨਹੁ ਨਿਕਲੇ ਜੱਦ ਕਿ ਉਹ ਪੱਕੀ ਉਮਰ ਦੇ ਸਨ ਸ਼ੈਬਾ ਨੇ ਹਜ਼ਰਤ ਉਬੈਦਹ ਰਜ਼ੀ ਅਲੱਾਹ ਅਨਹੁ ਦੀ ਲੱਤ ਵਿੱਚ ਤਲਵਾਰ ਮਾਰੀ ਜੋ ਆਪਦੀ ਪਿੰਡਲੀ ਦੇ ਮਾਸ ਵਿੱਚ ਲੱਗੀ ਅਤੇ ਉਸਨੂੰ ਚੀਰ ਦਿਤੱਾ । ਹਜ਼ਰਤ ਹਮਜ਼ਾ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਅੱਗੇ ਵਧੱਕੇ ਸ਼ੈਬਾ ਉਪੱਰ ਹਮਲਾ ਕੀਤਾ ਅਤੇ ਉਸਨੂੰ ਕਤਲ ਕਰ ਦਿਤੱਾ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲਾਹੁ ਅਲੈਹਿ ਵਸਲੱਮ ਨੇ ਬਦਰ ਦੀ ਜੰਗ ਦੇ ਮੌਕੇ'ਤੇ ਮੇਰੇ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਬਾਰੇ ਫ਼ਰਮਾਇਆ ਸੀ ਕਿ ਦੋਹਾਂ ਵਿੱਚੋਂ ਇਕ ਦੇ ਸੱਜੇ ਪਾਸੇ ਹਜ਼ਰਤ ਜਿਬਰਈਲ ਹਨ ਅਤੇ ਦੂਜੇ ਦੇ ਸੱਜੇ ਪਾਸੇ ਹਜ਼ਰਤ ਮੀਕਾਇਲ ਹਨ ਅਤੇ ਹਜ਼ਰਤ ਇਸਰਾਫ਼ੀਲ ਮਹਾਨ ਫ਼ਰਿਸ਼ਤਾ ਹੈ ਜੋ ਜੰਗ ਸਮੇਂ ਹਾਜ਼ਰ ਹੁੰਦਾ ਹੈ ਅਤੇ ਪੰਕਤਿ ਵਿੱਚ ਹੁੰਦਾ ਹੈ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਵਿਆਹ 2 ਹਿਜਰੀ ਵਿੱਚ ਹੋਇਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਨਾਲ ਨਿਕਾਹ ਦੀ ਬਿਨਤੀ ਕੀਤੀ ਜਿਸਨੂੰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਖ਼ੁਸ਼ੀ ਨਾਲ ਸਵੀਕਾਰ ਕੀਤਾ । ਆਪ ਨੇ ਫ਼ਰਮਾਇਆ ਕੀ ਤੁਹਾਡੇ ਕੋਲ ਮਹਿਰ ਲਈ ਕੁਝ ਹੈ ? ਮੈਂ ਅਰਜ਼ ਕੀਤੀ ਕਿ ਮੇਰਾ ਘੋੜਾ ਤੇ ਮੇਰੀ ਜ਼ਰਾਹ ਹੈ । ਆਪ ਨੇ ਫ਼ਰਮਾਇਆ ਆਪਣੀ ਜ਼ਰਾਹ ਨੂੰ ਵੇਚ ਦਿਓ । ਸੋ ਮੈਂ ਆਪਣੀ ਜ਼ਰਾਹ ਨੂੰ ਚਾਰ ਸੌ ਅੱਸੀ ਦਿਰਹਮ ਵਿੱਚ ਵੇਚਕੇ ਹੱਕ ਮਹਿਰ ਦਾ ਪ੍ਰਬੰਧ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ ਲੋਕ ਕਹਿੰਦੇ ਹਨ ਕਿ ਹੱਕ ਮਹਿਰ ਰੱਖ ਲਓ, ਜੋ ਹੋਵੇਗਾ ਦੇਖੀ ਜਾਏਗੀ, ਦੇ ਦਿਆਂਗੇ, ਜੱਦ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੱਕ ਮਹਿਰ ਲਈ ਪਹਿਲਾਂ ਪ੍ਰਬੰਧ ਕਰੋ । ਇਸ ਦਾ ਮਤਲਬ ਇਹ ਹੈ ਕਿ ਇਹ ਫ਼ੌਰੀ ਹੱਕ ਹੈ । ਕਈ ਲੋਕ ਮੈਨੂੰ ਲਿਖੱਦੇ ਹਨ ਕਿ ਹੱਕ ਮਹਿਰ ਇਸਤਰੀਆਂ ਪਹਿਲਾਂ ਮੰਗ ਲੈਂਦੀਆਂ ਹਨ ਹਾਲਾਂਕਿ ਅਸੀਂ ਖ਼ੁਸ਼ੀ ਨਾਲ ਰਹਿ ਰਹੇ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਅਆ ਮੰਗ ਲੈਂਦੀਆਂ ਹਨ ਤਾਂ ਇਹ ਉਹਨਾ ਦਾ ਹੱਕ ਹੈ । ਇਹ ਤਾਂ ਉਸੇ ਸਮੇਂ ਦੇਣਾ ਚਾਹੀਦਾ ਹੈ ।

ਰੁਖ਼ਸਤੀ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ । ਜੱਦ ਫ਼ਾਤਿਮਾ ਤੁਹਾਡੇ ਕੋਲ ਆਉਣ ਤਾਂ ਜੱਦ ਤੱਕ ਮੈਂ ਨ ਆਵਾਂ ਕੋਈ ਗੱਲ ਨ ਕਰਨਾ ਫਿਰ ਜੱਦ ਆਪ ਆਏ ਤਾਂ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹੁ ਨੂੰ ਕਿਹਾ ਕਿ ਮੇਰੇ ਲਈ ਪਾਣੀ ਲਿਆਓ । ਉਹ ਪਾਣੀ ਲਿਆਈ ਆਪ ਨੇ ਉਹ ਪਾਣੀ ਲਿਆ ਅਤੇ ਉਸ ਵਿਚ ਕੁਰਲੀ ਕੀਤੀ ਫਿਰ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਦੇ ਸਿਰ'ਤੇ ਕੁਝ ਪਾਣੀ ਛਿੜਕਿਆ ਅਤੇ ਦੁਆ

ਦਿੰਦਿਆਂ ਹੋਇਆ ਕਿਹਾ । ਹੇ ਅਲੱਾਹ ! ਇਸ ਨੂੰ ਅਤੇ ਇਸਦੀ ਸੰਤਾਨ ਨੂੰ ਸ਼ੈਤਾਨ ਮਰਦੂਦ ਤੋਂ ਤੇਰੀ ਪਨਾਹ ਵਿੱਚ ਦਿੰਦਾ ਹਾਂ । ਫਿਰ ਆਪ ਨੇ ਫ਼ਰਮਾਇਆ ਦੂਜੇ ਪਾਸੇ ਪਰਤ ਜਾਓ ਜੱਦ ਉਹ ਦੂਜੇ ਪਾਸੇ ਪਰਤ ਗਈਂ ਤਾਂ ਆਪ ਨੇ ਉਹਨਾ ਦੇ ਕੰਧਿਆਂ ਵਿਚਕਾਰ ਪਾਨੀ ਦੇ ਛੱਟੇ ਮਾਰੇ ਫਿਰ ਇਸੇ ਪ੍ਰਕਾਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨਾਲ ਕੀਤਾ ।

ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਉਸ ਸੰਤਾਨ ਵਿੱਚੋਂ ਸਾਰਿਆਂ ਤੋਂ ਛੋਟੀ ਸਨ ਜੋ ਹਜ਼ਰਤ ਖ਼ਦੀਜਾ ਰਜ਼ੀ ਅਲੱਾਹ ਅਨਹਾ ਦੀ ਕੁੱਖ ਵਿੱਚੋਂ ਪੈਦਾ ਹੋਏ ਅਤੇ ਆਪ ਆਪਣੀ ਸੰਤਾਨ ਵਿੱਚੋ ਸਭ ਤੋਂ ਵੱਧ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਨੂੰ ਅਜ਼ੀਜ਼ ਰਖੱਦੇ ਸਨ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਆਪਣੀ ਤੰਗਦਸਤੀ ਅਤੇ ਗ਼ਰੀਬੀ ਦੇ ਹੁੰਦਿਆਂ ਹੋਇਆਂ ਵੀ ਸੰਜਮਤਾ ਤੇ ਸਬਰ ਦਾ ਨਮੂਨਾ ਦਿਖਾਇਆ ਕਰਦੇ ਸਨ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਨੇ ਚੱਕੀ ਚਲਾਉਣ ਕਰਕੇ ਆਪਣੇ ਹਥੱਾਂ ਦੇ ਕਸ਼ਟ ਦੀ ਸ਼ਿਕਾਇਤ ਕੀਤੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲ ਕੁੱਝ ਕੈਦੀ ਆਏ ਤਾਂ ਉਹ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਕੋਲ ਗਈਂ ਅਤੇ ਆਪ ਨੂੰ ਨ ਦੇਖਿਆ ਤਾਂ ਆਪ ਨੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਆਪਣੇ ਆਉਣ ਦਾ ਉਦੇਸ਼ ਦੱਸਿਆ । ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਆਏ ਤਾਂ ਹਜ਼ਰਤ ਆਇਸ਼ਾ ਰਜ਼ੀ ਲੱਾਹ ਅਨਹਾ ਨੇ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਦਾ ਆਪਣੇ ਘਰ ਆਉਣ ਦਾ ਸਬਬ ਦੱਸਿਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਨਬੀ ਕਰੀਮ ਸਲਲਾਹੁ ਅਲੈਹਿ ਵਸਲੱਮ ਸਾਡੇ ਕੋਲ ਆਏ ਜੱਦਕਿ ਅਸੀਂ ਆਪਣੇ ਬਿਸਤਰਾਂ ਵਿੱਚ ਲੇਟ ਚੁਕੇ ਸਨ । ਅਸੀਂ ਖੜੇ ਹੋਣ ਲੱਗੇ ਤਾਂ ਆਪ ਜੀ ਨੇ ਫ਼ਰਮਇਆ ਕਿ ਆਪਣੀ ਥਾਂ'ਤੇ ਹੀ ਠਹਿਰੇ ਰਹੋ ਅਤੇ ਫਿਰ ਆਪ ਸਾਡੇ ਵਿੱਚ ਬੈਠ ਗਏ । ਆਪ ਨੇ ਫ਼ਰਮਾਇਆ ਕੀ ਮੈਂ ਤੁਹਾਨੂੰ ਦੋਹਾਂ ਨੂੰ ਇਸ ਤੋਂ ਚੰਗੀ ਗੱਲ ਨ ਦਸੱਾਂ ਜੋ ਤੁਸੀਂ ਮੰਗਿਆ ਹੈ, ਉਹ ਇਹ ਹੈ ਕਿ ਜੱਦ ਤੁਸ਼ੀਂ ਦੋਵੇਂ ਆਪਣੇ ਬਿਸਤਰਾਂ ਵਿੱਚ ਲੇਟੋ ਤਾਂ ਚੌਂਤੀ (34) ਵਾਰੀ ਅਲਾਹੁ ਅਕਬਰ ਕਹੋ ਤੈਂਤੀ (33) ਵਾਰੀ ਸੁਬਹਾਨਲੱਾਹ ਕਹੋ ਅਤੇ ਤੈਂਤੀ (33) ਅਲਹਮਦੁਲਿਲੱਾਹ ਕਹੋ । ਇਹ ਤੁਸੀਂ ਦੋਹਾਂ ਲਈ ਸੇਵਕ ਤੋਂ ਬਹੁਤਾ ਬਿਹਤਰ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਘਟਨਾ ਬਾਰੇ ਲਿਖੱਦੇ ਹਨ ਕਿ ਜੇਕਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਚਾਹੁੰਦੇ ਤਾਂ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਨੂੰ ਸੇਵਕ ਪ੍ਰਦਾਨ ਕਰ ਸਕਦੇ ਸਨ ਕਿਉਂਕਿ ਜੋ ਮਾਲ ਵੰਡਣ ਲਈ ਆਪ ਸਲਲੱਾਹੁ ਅਲੈਹਿ ਵਸਲੱਮ ਕੋਲ ਆਉਂਦੇ ਸਨ ਉਹ ਸਹਾਬਾ ਲਈ ਹੀ ਆਉਦੇ ਸਨ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਵੀ ਹੱਕ ਹੋ ਸਕਦਾ ਸੀ ਅਤੇ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਵੀ ਇਸਦੀ ਹੱਕਦਾਰ ਸਨ ਪਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਗੰਭੀਰਤਾ ਨਾਲ ਕੰਮ ਲਿਆ ਅਤੇ ਨ ਚਾਹਿਆ ਕਿ ਇਸ ਧੰਨ ਵਿੱਚੋਂ ਆਪਣੇ ਸਾਕਾ ਸੰਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਦੇ ਦੇਣ ਕਿਉਂਕਿ ਸੰਭਵ ਸੀ ਕਿ ਇਸ ਨਾਲ ਭਵਿੱਖ ਵਿੱਚ ਲੋਕ ਕੁਝ ਦਾ ਕੁਝ ਸਿਟੱਾ ਕਢੱਦੇ ਅਤੇ ਬਾਦਸ਼ਾਹ ਆਪਣੇ ਲਈ ਲੋਕਾਂ ਦੇ ਮਾਲ ਨੂੰ ਖਾਣਾ ਜਾਇਜ਼ ਸਮਝ ਲੈਂਦੇ । ਕੀ ਦੁਨੀਆ ਕਿਸੇ ਬਾਦਸ਼ਾਹ ਦੀ ਉਧਾਰਣ ਪੇਸ਼ ਕਰ ਸਕਦੀ ਹੈ ਜੋ ਸਰਕਾਰੀ ਧੰਨ ਦਾ ਅਜਿਹਾ ਸੁਰੱਖਿਅਕ ਹੋਵੇ ।

ਹਜ਼ਰਤ ਅਲੀ ਬਿਨ ਅਬੂ ਤਾਲਿਬ ਰਜ਼ੀ ਅਲੱਾਹ ਅਨਹੁ ਨੇ ਬਿਆਨ ਕੀਤਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਕ ਰਾਤ ਉਹਨਾ ਦੇ ਅਤੇ ਆਪਣੀ ਬੇਟੀ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਦੇ ਘਰ ਆਏ ਅਤੇ ਫ਼ਰਮਾਇਆ ਕਿ ਕੀ ਤੁਸੀਂ ਦੋਵੇਂ ਨਮਾਜ਼ ਨਹੀਂ ਪੜ੍ਹਦੇ (ਅਰਥਾਤ ਨਮਾਜ਼ ਤਹਜੁੱਦ) ਤਾਂ ਮੈਂ ਅਰਜ਼ ਕੀਤੀ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ, ਸਾਡੀਆਂ ਜਾਨਾਂ ਰੱਬ ਨੇ ਹੱਥ ਵਿੱਚ ਜੱਦ ਉਹ ਸਾਨੂੰ ਉਠਾਏ ਤਾਂ ਸਾਨੂੰ ਉਠਾਉਂਦਾ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਮੈਨੂੰ ਇਸ ਦਾ ਕੋਈ ਉਤੱਰ ਨਹੀਂ ਦਿਤੱਾ ਅਤੇ ਵਾਪਸ ਚਲੇ ਗਏ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਮੈਂ ਜਾਂਦੇ ਸਮੇਂ ਸੁਣਿਆ ਕਿ ਆਪ ਆਪਣੀ ਪਟਾਂ'ਤੇ ਹੱਥ ਮਾਰਦੇ ਹਏ ਫ਼ਰਮਾ ਰਹੇ ਸਨ ਕਿ (وَكَانَ الْاِنْسَانُ اَكْثَرَ شَیْءٍ جَدَلًا) 'ਵਕਾਨਲ ਇਨਸਾਨੁ ਅਕਸਰਾ ਸ਼ੈਇਨ ਜਦਾਲਾ' ਕਿ ਮਨੁੱਖ ਸਭ ਤੋਂ ਵੱਧਕੇ ਬਹਿਸ ਕਰਨ ਵਾਲਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ : ਇਹ ਕੁਰਆਨ ਕਰੀਮ ਦੀ ਇਕ ਆਇਤ ਹੈ ਜਿਸ ਦੇ ਅਰਥ ਹਨ ਕਿ ਮਨੁੱਖ ਅਧਿਕਤਰ

ਆਪਣੀ ਗ਼ਲਤੀ ਮੰਨ੍ਹਣ ਤੋਂ ਘਬਰਾਉਂਦਾ ਹੈ ਅਤੇ ਵੱਖ ਵੱਖ ਦਲੀਲਾਂ ਦੇਕੇ ਆਪਣੇ ਕਸੂਰ'ਤੇ ਪਰਦਾ ਪਾਉਂਦਾ ਹੈ । ਬਜਾਏ ਇਸਦੇ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨਰਾਜ਼ ਹੁੰਦੇ ਆਪ ਨੇ ਇਕ ਅਜਿਹੇ ਸੂਖ਼ਮ ਢੰਗ ਨੂੰ ਧਾਰਣ ਕੀਤਾ ਕਿ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਆਪਣੇ ਜੀਵਨ ਦੇ ਅੰਤਮ ਦਿਨਾ ਤੱਕ ਇਸ ਦੇ ਇਸ ਪ੍ਰਭਾਵ ਤੋਂ ਲਾਭ ਚੁਕੱਦੇ ਰਹੇ ਹੋਣਗੇ । ਇਸ ਹਦੀਸ ਨਾਲ ਸਾਨੂੰ ਬਹੁਤ ਸਾਰੀਆਂ ਗਲੱਾਂ ਪਤਾ ਲਗੱਦੀਆਂ ਹਨ ਜਿੰਨ੍ਹਾ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਚਰਣ ਦੇ ਵੱਖ ਵੱਖ ਪਖੱਾਂ'ਤੇ ਚਾਨ੍ਹਣਾ ਪੈਂਦਾ ਹੈ । ਪਹਿਲਾ ਇਹ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਧਰਮ ਦਾ ਕਿੰਨ੍ਹਾ ਖ਼ਿਆਲ ਸੀ ਕਿ ਰਾਤ ਸਮੇਂ ਫਿਰਕੇ ਆਪਣੇ ਨੇੜਤਾ ਰਖੱਣ ਵਾਲਿਆਂ ਦਾ ਖ਼ਿਆਲ ਰਖੱਦੇ ਸਨ । ਦੂਜੀ ਗੱਲ ਇਹ ਕਿ ਰਾਤ ਸਮੇਂ ਆਪਣੀ ਬੇਟੀ ਅਤੇ ਜਵਾਈ ਨੂੰ ਧਿਆਨ ਦੁਆਉਂਣਾ ਦੇ ਉਹ ਤਹਜੁੱਦ ਵੀ ਪੜ੍ਹਿਆ ਕਰਨ । ਇਸ ਕਾਮਲ ਵਿਸ਼ਵਾਸ'ਤੇ ਪ੍ਰਮਾਣਤ ਕਰਦਾ ਹੈ ਜੋ ਆਪ ਨੂੰ ਇਸ ਸਿੱਖਿਆ ਉਪੱਰ ਸੀ ਜਿਸ'ਤੇ ਆਪ ਲੋਕਾਂ ਨੂੰ ਚਲਾਉਂਣਾ ਚਾਹੁੰਦੇ ਸਨ । ਤੀਜੀ ਗੱਲ ਇਹ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਹਰ ਇਕ ਗੱਲ ਸਮਝਾਉਂਣ ਲਈ ਸਹਿਨਸ਼ੀਲਤਾ ਤੋਂ ਕੰਮ ਲਿਆ ਕਰਦੇ ਸਨ ਅਤੇ ਬਹਿਸ ਦੀ ਥਾਂ ਪ੍ਰੇਮ ਤੇ ਪਿਆਰ ਨਾਲ ਕਿਸੇ ਨੂੰ ਉਸਦੀ ਗ਼ਲਤੀ ਤੋਂ ਜਾਣੂ ਕਰਾਉਂਦੇ ਸਨ । ਹਜ਼ਰਤ ਅਲੀ ਕਰਮੁਲੱਾਹ ਵਜਹੁ ਫ਼ਰਮਾਉਂਦੇ ਹਨ, ਮੈਂ ਫਿਰ ਕਦੇ ਵੀ ਤਹੁੱਜੁਦ ਵਿੱਚ ਨਾਗ਼ਾ ਨਹੀਂ ਕੀਤਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਕ ਜ਼ਿਕਰ ਅਜੇ ਵੀ ਅੱਗੇ ਚੱਲ ਰਿਹਾ ਹੈ ਭਵਿੱਖ ਵਿੱਚ ਵੀ ਜ਼ਿਕਰ ਹੋਵੇਗਾ, ਇਨਸ਼ਾਅਲੱਾਹ ਤਆਲਾ । ਅੱਜ ਕੱਲ ਪਾਕਿਸਤਾਨ ਵਿੱਚ ਹਾਲਾਤ ਹੋਰ ਵੀ ਵਧੇਰੇ ਸਖ਼ਤ ਹੁੰਦੇ ਜਾ ਰਹੇ ਹਨ । ਕਈ ਅਫ਼ਸਰ ਮੌਲਵੀਆਂ ਦੇ ਪਿੱਛੱ ਚਲੱਕੇ ਅਤੇ ਇਹਨਾ ਨਾਲ ਗਠਬੰਧਨ ਕਰਕੇ ਸਾਨੂੰ ਜਿੰਨ੍ਹਾ ਹਾਣ ਪਹੁੰਚਾ ਸਕਦੇ ਹਨ ਪਹੁੰਚਾਉਣ ਦਾ ਜਤਨ ਕਰ ਰਹੇ ਹਨ । ਇਸ ਲਈ ਵਿਸ਼ੇਸ਼ ਰੂਪ ਵਿੱਚ ਦੁਆਵਾਂ ਕਰੋ ਅਤੇ ਰਬਵਾਹ ਦੇ ਅਹਮਦੀ ਵੀ ਅਤੇ ਪਾਕਿਸਤਾਨ ਦੇ ਹੋਰਨਾ ਸ਼ਹਿਰਾਂ ਵਿੱਚ ਵੀ ਵਸੱਣ ਵਾਲੇ ਅਹਮਦੀ ਵੀ । ਹਰ ਥਾਂ ਅਲੱਾਹ ਤਆਲਾ ਇਹਨਾ ਨੂੰ ਆਪਣੀ ਸੁੱਰਖਿਆ ਵਿੱਚ ਰੱਖੇ ਅਤੇ ਇਹਨ ਦੀਆਂ ਸ਼ਰਾਰਤਾਂ ਤੋਂ ਸੁਰੱਖਿਅਤ ਰੱਖੇ ਅਤੇ ਇਹਨਾ ਦੇ ਮਨਸੂਬਿਆਂ ਨੂੰ ਜੋ ਕਿ ਬਹੁਤ ਹੀ ਭਿਆਨਕ ਤੇ ਖ਼ਤਰਨਾਕ ਮਨਸੂਬੇ ਹਨ ਇਹਨਾ ਤੋਂ ਬਚਾਏ ਰੱਖੇ ਅਤੇ ਇਹਨਾ ਲੋਕਾਂ ਦੀ ਹੁਣ ਪਕੜ ਦੇ ਛੇਤੀ ਸਾਧਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਕਮਾਂਡਰ ਚੌਧਰੀ ਮੁਹਮੱਦ ਅਸਲਮ ਸਾਹਬ ਮਰਹੂਮ, ਮੁਕਰੱਮਾ ਸ਼ਾਹੀਨਾ ਕਮਰ ਸਾਹਿਬਾ ਮਰਹੂਮਾ, ਮੁਕਰੱਮ ਸਮਰ ਅਹਮਦ ਕਮਰ ਸਾਹਬ ਮਰਹੂਮ ਅਤੇ ਮੁਕਰੱਮਾ ਸਈਦਹ ਅਫ਼ਜ਼ਲ ਖੋਖਰ ਸਾਹਿਬਾ ਮਰਹੂਮਾ ਦੇ ਸਦਗੁਣਾ ਨੂੰ ਵਰਨਣ ਕੀਤਾ । ਹਜ਼ੂਰਅਨਵਰ ਨੇ ਫ਼ਰਮਾਇਆ ਕਿ ਨਮਾਜ਼ ਜੁਮਏ ਦੇ ਬਾਦ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਵੀ ਪੜ੍ਹਾਵਾਂਗਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ۔ عِبَادَ اللّٰهِ رحمکم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى
وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ۔

**Khulasa Khutba Jumma 04.12.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131